# ਪਰਮੇਸ਼ਵਰ ਵਿਸ਼ਵਾਸੀਆ ਦੀ ਇੱਕਠੇ ਕੰਮ ਕਰਨ ਤੇ ਮੱਦਦ ਕਰਦਾ ਹੈ।

ਬੱਚਿਆਂ ਨੂੰ ਸਹੀ ਤਰੀਕੇ ਵਾਲੀ ਆਗੂਵਾਈ ਦੇ ਬਾਰੇ ਸਿਖਾਉ

ਬੱਚਿਆ ਦੇ ਸਿੱਖਣ ਵਾਲੀਆ ਗਤੀਵਿਧੀਆ ਵਿੱਚ ਕੋਈ ਵੀ ਚੁਣ ਲਉ।

**ਪ੍ਰਥਨਾ:** ''ਪਰਮੇਸ਼ਵਰ ਸਾਡੇ ਇੱਕਠੇ ਕੰਮ ਕਰਨ ਵਿੱਚ ਮੱਦਦ ਕਰੋ, ਜਿਵੇ ਕਿ ਇੱਕ ਦੇਹ ਦੀ ਜੱਥੇਬੰਦੀ।''



**ਨਹਮਯਾਹ ਨੇ ਆਖਿਆ, ''ਜਦੋ ਵੀ ਤੁਸੀ ਤੁਰਹੀ ਦੀ ਅਵਾਜ ਨੂੰ ਸੁਣੋ, ਉਥੇ ਸਾਡੇ ਨਾਲ ਮਿੱਲ ਜਾਣਾ, ਸਾਡਾ ਪਰਮੇਸ਼ਵਰ ਸਾਡੇ ਵਾਸਤੇ ਲੜੇਗਾ।''**

ਇੱਕ ਸਿੰਗ ਦੀ ਤਸਵੀਰ ਬਣਾਉ।

- ਸਮਝਾਉ ਕਿ ਇਸਰਏਲੀਆਂ ਦੀਆਂ ਤੁਰ੍ਹੀਆਂ ਆਮ ਭੇਡਾਂ ਦਾ ਖਾਲੀ ਸਿੰਗ ਸਨ।
- ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਨ।
- ਬੱਚੇ ਆਪਣੀਆਂ ਤਸਵੀਰਾਂ ਨੂੰ ਬਾਲਿਗਾਂ ਦੀ ਅਗਲੀ ਅਰਾਧਨਾ ਦੇ ਵੇਲੇ ਦਿਖਾਉਣ, ਅਤੇ ਉਨ੍ਹਾਂ ਨੂੰ ਸਮਝਾਉਣ ਕਿ ਇਹ ਦੱਸਦੀਆ ਹਨ, ਕਿਵੇ ਪਰਮੇਸ਼ਵਰ, ਆਪਣੇ ਲੋਕਾਂ ਨੂੰ ਏਕਤਾ ਵਿੱਚ ਕੰਮ ਕਰਨ ਲਈ ਬੁਲਾਉਂਦਾ ਹੈ ਪਰਮੇਸ਼ਵਰ ਦੇ ਆਂਗੂਆ ਨੂੰ ਇਸਤਮਾਲ ਕਰਕੇ।

ਇੱਕ ਵੱਡਾ ਬੱਚਾ ਜਾਂ ਅਧਿਆਪਕ ਪੜ੍ਹੇ ਜਾ ਨਹਮਯਾਹ 4:1-23 ਵਿੱਚ ਨਹਯਸਾਹ ਦੀ ਕਹਾਣੀ ਦੱਸੇ। ਬੱਚਿਆਂ ਨੂੰ ਆਖੋ ਕਿ ਪਹਿਲਾਂ ਉਹ ਸੁਣਨ ਤੇ ਲੱਭਣ, ਕਿਵੇ ਪਰਮੇਸ਼ਵਰ ਦੇ ਆਗੂਵੇ ਲੋਕਾਂ ਨੂੰ ਜੱਥੇਬੰਦ ਕਰਦੇ ਹਨ। ਇੱਕ ਇਮਾਰਤ ਬਣਾਉਣ ਦੀ ਵੱਡੀ ਯੋਜਨਾ ਕਰਨ ਲਈ ਉਹ ਜਿਹੜੀ ਪਰਮੇਸ਼ਵਰ ਦੀ ਵਡਿਆਈ ਲੈ ਕੇ ਆਈ।

ਕਹਾਣੀ ਦੱਸਣ ਦੇ ਬਾਦ, ਇੰਨਾ ਪ੍ਰਸ਼ਨਾ ਨੂੰ ਪੁਛੋ।(ਉੱਤਰ ਤੱਦ ਹੀ ਦੱਸੋ ਜੇ ਬੱਚੇ ਇਸਦਾ ਉੱਤਰ ਨਹੀ ਦੇ ਸਕਦੇ)

- ਇਸਰਾਏਲ ਦੇ ਵੈਰੀਆਂ ਨੂੰ ਯਰੂਸਲਮ ਦੀਆਂ ਕੰਧਾਂ ਬਾਰੇ ਕੀ ਕਿਹਾ? *(ਉੱਤਰ : ਆਇਤ 2)*
- ਕਿਹਨੇ ਨਹਮਯਾਹ ਦੇ ਜਾਣ ਵਿੱਚ ਮੱਦਦ ਕੀਤੀ, ਜਦੋ ਉਹਦੇ ਵੈਰੀਆਂ ਨੇ ਉਹਨੂੰ ਸਤਾਇਆ? (ਉੱਤਰ : ਦੇਖੋ ਆਇਤ 9)
- ਨਹਮਯਾਹ ਨੇ ਕੰਧਾਂ ਦੀ ਸੰਭਾਲ ਲਈ ਕੀ ਕੀਤਾ, ਉਹਦੇ ਪਰਮੇਸ਼ਵਰ ਤੋ ਪ੍ਰਥਨਾ ਕਰਨ ਦੇ ਬਾਦ? *(ਉੱਤਰ : ਦੇਖੋ ਆਇਤ 13)*
- ਕਿੰਨਾ ਸਖ਼ਤ ਕੰਮ, ਕੰਧਾ ਉੱਤੇ ਇਸਰੇਲੀਆ ਨੇ ਕੀਤਾ? *(ਉੱਤਰ : ਆਇਤ 6)*
- ਨਹਮਯਾਹ ਨੇ ਉਸ ਦੌਰਾਨ ਕੀ ਕੀਤਾ ਸੀ, ਜਦੋਂ ਲੋਕ ਕੰਮ ਕਰ ਰਹੇ ਸਨ? *(ਉੱਤਰ : ਆਇਤ 23)*
- ਕਿਵੇ ਨਹਮਯਾਹ ਨੇ ਲੋਕਾਂ ਨੂੰ ਹੌਸਲਾ ਦਿੱਤਾ ਕਿ ਸਾਰਾ ਕੰਮ ਆਪਣੇ ਦਿੱਲਾ ਨਾਲ ਕਰਨ? (ਉੱਤਰ : ਨਹਮਯਾਹ ਲੋਕਾ ਨੂੰ ਪ੍ਰਥਨਾ ਕਰਨ ਲਈ ਲੈ ਕੇ ਗਿਆ, ਫਿਰ ਉਹਨੇ ਉਨ੍ਹਾਂ ਦੇ ਕੰਮ ਨੂੰ ਜੱਥੇਬੰਦ ਕੀਤਾ, ਉਨ੍ਹਾਂ ਨੂੰ ਪਰਮੇਸ਼ਵਰ ਦੀ ਤਾਕਤ (ਸ਼ਕਤੀ) ਬਾਰੇ ਯਾਦ ਕਰਵਾਇਆ। ਅਤੇ ਸੇਵਾ ਕਰਨੀ ਇਸ ਦੀ ਉਹਾਰਣ ਲਈ, ਜਿਸਦੇ ਲਈ ਬੜੀ ਸਖ਼ਤ (ਕੜੀ) ਮਿਹਨਤ ਕੀਤੀ)

ਨਹਮਯਾਹ 4:1-23 ਵਿੱਚ ਨਹਮਯਾਹ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ।

- ਕਲੀਸੀਆਂ ਦੇ ਮੁੱਖ ਅਰਾਧਨਾ ਦੇ ਆਗੂਵੇ ਨਾਲ ਮਿਲ ਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਦਾ (ਪ੍ਰਬੰਧ) ਕਰੋ। ਆਪਣੇ ਸ਼ਮੇ ਨੂੰ ਬੱਚਿਆਂ ਨੂੰ ਨਾਟਕ ਦੀ ਤਿਆਰੀ ਕਰਾਉਣ ਵਿੱਚ ਇਸਤੇਮਾਲ ਕਰੋ। ਵੱਡੇ ਬੱਚੇ ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਿਗਾਂ ਇੰਨਾਂ ਹਿੱਸਿਆ ਨੂੰ ਕਰਨ

**ਵਾਚਕ:** ਕਹਾਣੀ ਨੂੰ ਛੋਟਾ ਕਰਕੇ ਬੱਚਿਆਂ ਨੂੰ ਯਾਦ ਕਰਵਾਏ ਕਿ ਉਨ੍ਹਾਂ ਨੂੰ ਕੀ ਆਖਣਾ ਹੈ, ਅਤੇ ਕੀ ਕਰਨਾ ਹੈ।?

**ਨਹਮਯਾਹ:** ਇੱਕ ਹੱਥ ਵਿੱਚ ਬਰਛਾ (ਨੇਜਾ) ਅਤੇ ਦੂਜੇ ਵਿੱਚ ਇੱਕ ਹਥੌੜਾ ਜਾ ਕੋਈ ਦੂਜਾ ਔਜਾਰ ਫੜ ਕੇ ਰੱਖੇ।

- ਛੋਟਿਆ ਬੱਚਿਆਂ ਨੂੰ ਇਹ ਹਿੱਸੇ ਕਰਣ ਲਈ ਦਿਉ

ਇਸਰਾਏਲੀ, ਹੱਥਾ ਵਿੱਚ ਇਮਾਰਤ ਬਣਾਉਣ ਵਾਲੇ ਪੱਥਰ ਅਤੇ ਨੇਜੇ ਫੜ ਕੇ ਰੱਖਣ।

**ਵੈਰੀ:** ਬਰਛੇ ਫੜ ਕੇ ਰੱਖਣ।

**ਵਾਚਕ:** ਆਇਤ 1 ਅਤੇ 2 ਵਿੱਚ, ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੇ।

**ਇਸਰਾਏਲੀ**:– ਇੱਕ ਕੰਧ ਨੂੰ ਬਣਾਉਣ ਦਾ ਦਿਖਾਵਾ ਕਰਨ।

**ਵਾਚਕ**: ''ਨਹਮਯਾਹ ਅਤੇ ਇਸਰਏਲੀ ਯਰੂਸਲਮ ਦੇ ਆਲੇ ਦੁਆਲੇ ਦੀ ਕੰਧ ਨੂੰ ਬਨਣਾ ਰਹੇ ਹਨ। ਉਨ੍ਹਾਂ ਦੇ ਵੈਰੀ ਉਨ੍ਹਾਂ ਦਾ ਮਖੌਲ ਉਡਾ ਰਹੇ ਹਨ। ਸੁਣੋ ਵੈਰੀ ਕੀ ਆਖ ਰਹੇ ਹਨ।

**ਵੈਰੀ**:– ਹੱਸਣ ਅਤੇ ਇਸ ਤਰ੍ਹਾਂ ਆਖਣ, ਮੂਰਖ ਯਹੂੰਦੀ, ਇਹ ਹੁਣ ਕੀ ਬਣਾ ਰਹੇ ਹਨ?'' ''ਕੀ ਇਹ ਕੰਧ ਹੈ?''

''ਇਹ ਤਾ ਪੱਥਰਾ ਦੇ ਢੇਰ ਵਾਂਗੂੰ ਦਿਖਾਈ ਦੇ ਰਿਹਾ ਹੈ।''

''ਇਥੋ ਤੱਕ ਕਿ ਇੱਕ ਲੂਮੜੀ ਵੀ ਇਹਦੇ ਉੱਤੇ ਚੜ੍ਹ ਸਕਦੀ ਹੈ।''

**ਵਾਚਕ**: ਆਇਤਾ 6–14 ਵਿੱਚ ਕਹਾਣੀ ਦੇ ਦੂਜੇ ਹਿੱਸੇ ਬਾਰੇ ਦੱਸੇ। ਫਿਰ ਆਖੇ, ''ਸੁਣੋ ਨਹਮਯਾਹ ਕੀ ਕਹਿੰਦਾ ਹੈ।''

**ਨਹਮਯਾਹ**: ''ਪਹਿਲਾਂ ਸਾਨੂੰ ਇੱਕਠੇ ਪਰਮੇਸ਼ਵਰ ਕੋਲੋ ਮੱਦਦ ਲਈ ਪ੍ਰਾਥਨਾ ਕਰਨੀ ਹੈ। ''ਪਰਮੇਸ਼ਵਰ ਸਾਡੀ ਮੱਦਦ ਕਰ ਕਿ ਅਸੀ ਇਹ ਕੰਮ ਤੁਹਾਡੇ ਵਾਸਤੇ ਖਤਮ ਕਰੀਏ।

**ਹੁਣ ਲੋਕੋ,** ਸਾਡੇ ਵੈਰੀਆਂ ਨੂੰ ਸੁਨਨ ਦੀ ਲੋੜ ਨਹੀ ਹੈ, ਅਸੀ ਇਸ ਕੰਮ ਨੂੰ ਜੱਥੇਬੰਦ ਕਰੀਏ। ਅਤੇ ਪਰਮੇਸ਼ਵਰ ਵਾਸਤੇ ਕੰਮ ਕਰਦੇ ਰਹੀਏ।''

**ਇਸਰਾਏਲੀ**:– ਅਸੀ ਆਪਣੇ ਪੂਰੇ ਦਿੱਲ ਨਾਲ ਕੰਮ ਨੂੰ ਕਰਾਗੇ।'' (ਇੱਕ ਦੂਜੇ ਨੂੰ ਆਖਣ) ''ਜੇ ਤੂੰ ਕੰਧ ਦੇ ਇਸ ਹਿੱਸੇ ਦਾ ਕੰਮ ਕਰੇਗੇ, ਤਾਂ ਮੈ ਉੱਥੇ ਜਾ ਕੇ ਕਰ ਲਵਾਂਗਾ।''

**ਵਾਚਕ**: ਆਇਤਾ 15:23 ਵਿੱਚ ਕਹਾਣੀ ਦੇ ਤੀਸਰੇ ਹਿੱਸੇ ਬਾਰੇ ਦੱਸੇ। ਫਿਰ ਆਖੋ, ''ਸੁਣੋ ਨਹਮਯਾਹ ਕੀ ਕਹਿ ਰਿਹਾ ਹੈ।''

**ਨਹਮਯਾਹ**: '' ਹਰ ਕੋਈ ਆਪਣੇ ਹਥਿਆਰ ਨੂੰ ਆਪਣੇ ਨੇੜੇ ਰੱਖ ਲਵੇ। ਜਦੋਂ ਤੁਸੀਂ ਤੁਰ੍ਹੀ ਦੀ ਅਵਾਜ਼ ਨੂੰ ਸੁਣੋ, ਮੱਦਦ ਲਈ ਆਉਣ ਤੇ ਕੰਧਾਂ ਨੂੰ ਸੰਭਾਲਨਾ। ਹਰ ਵੇਲੇ ਤਿਆਰ ਰਹਿਣਾ। ਸਾਨੂੰ ਸਾਰੇ ਨੂੰ ਕੰਧਾਂ ਉੱਤੇ ਇੱਕ ਹੱਥ ਨਾਲ ਕੰਮ ਕਰਨਾ ਹੈ ਅਤੇ ਦੂਜੇ ਹੱਥ ਵਿੱਚ ਤਲਵਾਰ ਫੜ ਕੇ ਰੱਖਣੀ ਹੈ।''

**ਇਸਰੇਲੀ**: ਵੇਖੋ! ਕੰਧ ਬੜੀ ਮਜਬੂਤ ਹੈ।''

''ਅਸੀ ਸਾਰੀ ਲਗਭਗ ਖਤਮ ਕਰ ਲਈ ਹੈ।''

''ਦੇਖੋ ਕਿ ਨਹਮਯਾਹ ਦਾ ਕੰਮ ਕਿੰਨੀ ਜਿਆਦਾ ਮਿਹਨਤ ਵਾਲਾ ਹੈ।''

''ਉਹ ਸਾਡੇ ਲਈ ਬੜੀ ਚੰਗੀ ਉਦਾਹਰਣ ਹੈ।''

ਵਾਚਕ ਜਾ ਵੱਡਾ ਬੱਚਾ : ਉਨ੍ਹਾ ਸਭਨਾ ਦਾ ਧੰਨਵਾਦ ਕਰੇ, ਜਿੰਨ੍ਹਾ ਨੇ ਮੱਦਦ ਕੀਤੀ।

ਜੇ ਬੱਚਿਆਂ ਨੇ ਇਸ ਕਹਾਣੀ ਦਾ ਨਾਟਕ ਬਾਲਿਗਾ ਵਾਸਤੇ ਤਿਆਰ ਕੀਤਾ ਹੈ। ਤੱਦ ਉਨ੍ਹਾ ਨੂੰ ਬਾਲਿਗਾਂ ਤੋ ਉਪਰ ਸੂਚੀ ਵਿੱਚ ਦਿੱਤੇ ਗਏ ਪੱਸ਼ਨਾ ਨੂੰ ਪੁੱਛਣ ਦਿਉ।

**ਕਵਿਤਾ**: ਚਾਰ ਬੱਚੇ, ਹਰੇਕ ਇੱਕ ਆਇਤ ਨੂੰ ਦੁਹਰਾਏ। ਜਬੂਰਾਂ ਦੀ ਪੋਥੀ 2:1–2 ਅਤੇ ਆਇਤਾਂ 10–11।

**ਆਖੋ** : ਇਸ ਤਰਾਂ ਦੇ ਮੌਕੇ ਦੀਆਂ ਹੋਰ ਕਿਹੜੀਆਂ ਉਦਾਹਰਣਾਂ ਹਨ, ਜਿੰਨ੍ਹਾਂ ਵਿੱਚ ਸਾਨੂੰ ਪਰਮੇਸ਼ਵਰ ਦੇ ਆਂਗੂਵਾ ਜਿਵੇ ਨਹਮਯਾਹ ਦੇ ਵਾਂਗੂ ਲੋੜ ਹੈ ਕਿ ਸਾਡੀ ਮੱਦਦ ਕਰਨ, ਮਹਾਨ ਕੰਮ ਨੂੰ ਇੱਕਠੇ ਕਰਨ, ਪਰਮੇਸ਼ਵਰ ਦੇ ਵਾਸਤੇ? (ਬੱਚਿਆਂ ਨੂੰ ਉਦਾਹਰਣਾ ਦੇਣ ਦਿਉ)

**ਯਾਦ ਕਰੋ ਯਹੂੰਨਾ 17:23**

ਵੱਡੇ ਬੱਚੇ ਕਵਿਤਾਵਾਂ, ਗੀਤ, ਜਾ ਛੋਟੇ ਨਾਟਕ, ਇੱਕਠੇ ਕੰਮ ਕਰਨਾ, ਯਿਸ਼ੂ ਦੇ ਵਾਸਤੇ, ਬਾਰੇ ਵਿੱਚ ਲਿੱਖਣ। ਉਹ ਇਹਨੂੰ ਹਫਤੇ ਦੇ ਵਿੱਚ ਵੀ ਕਰ ਸਕਦੇ ਹਨ।



**ਪ੍ਰਾਥਨਾ**: ''ਪਿਆਰੇ ਪਰਮੇਸ਼ਵਰ, ਤੂੰ ਸਾਰਿਆ ਉੱਤੇ ਰਾਜਾ ਹੈ। ਤੈਨੂੰ ਕੋਈ ਵੀ ਹਰਾ ਨਹੀ ਸਕਦਾ। ਤੁਹਾਡੀ ਮੱਦਦ ਨਾਲ ਅਸੀ ਆਪਣੀਆਂ ਮੁਸ਼ਕਿਲਾਂ ਦਾ ਸਾਮਹਣਾ ਕਰ ਸਕਦੇ ਹਾਂ ਅਤੇ ਇਹ ਵੀ ਲੱਭ ਸਕਦੇ ਹਾਂ ਕਿ ਦੂਜਿਆਂ ਦੀ ਮੱਦਦ ਕਿਸ ਤਰਾਂ ਕਰਨਾ। ਸਾਡੀ ਮੱਦਦ ਕਰੋ ਕਿ ਅਸੀ ਯਾਦ ਰੱਖ ਸਕੀਏ ਕਿ ਅਸੀ ਤੁਹਾਡੀ ਮੱਦਦ ਲਈ ਪਹਿਲਾਂ ਆਖੀਏ। ਸਾਡੀ ਮੱਦਦ ਕਰੋ, ਕਿ ਅਸੀ ਇੱਕ ਦੂਜੇ ਦੀ ਸੇਵਾ ਆਪਣੇ ਪੂਰੇ ਦਿੱਲਾਂ ਨਾਲ ਕਰੀਏ।

Copyright 2004 © by Paul-Timothy. May be freely copied. Download from www.Paul-Timothy.net